ਬਾਪੂ ਬਚਨ ਸਿੰਘ ਜੀ "ਸੋਧੀ"

ਮੇਰੇ ਪੜਦਾਦਾ ਜੀ ਬਾਪੂ ਬਚਨ ਸਿੰਘ ਜੀ "ਸੋਧੀ" ਜਿਨ੍ਹਾਂ ਦੀ ਉਮਰ ੧੧੨ ਸਾਲ ਦੀ ਸੀ, ਸਾਨੂੰ ਪਿਛਲੇ ਦਿੱਨੀ ੨੩ ਦਸੰਬਰ ਨੂੰ ਇਹ ਸੰਸਾਰਕ ਯਾਤਰਾ ਪੂਰੀ ਕਰ ਗਏ ਸਨ ।

ਜੋ ਕਿ ਦਿੱਲੀ ਦੇ ਸੱਬ ਤੋਂ ਬਜ਼ੁਰਗ ਨਾਗਰਿਕ ਵੀ ਸਨ ।

ਬਾਪੂ ਜੀ ਦਾ ਜਨਮ ਭਾਰਤ ਦੀ ਅਜਾਦੀ ਤੋਂ ਪਹਿਲਾ ੧੯੦੭ ਵਿਚ ਪੰਜਾਬ ਦੇ ਇਕ ਪਿੰਡ ਅਲਾਵਲਪੁਰ, ਗੁਰਦਾਸਪੁਰ ਵਿਖੇ ਹੋਇਆ ।

ਬਾਪੂ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਜ਼ੂਰ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਸੁਬਾਹ ਪ੍ਰਾਪਤ ਹੋਇਆ ।

੫ ਪੀੜ੍ਹੀਆਂ ਦੇ ਸਾਂਝੇ ਪਰਿਵਾਰ ਵਿਚ ਰਹਿੰਦੇ ਹੋਏ ਬਾਪੂ ਜੀ ਨੇ ਸੋਧ ਮਰਯਾਦਾ ਵਿੱਚ ਆਪਣੇ ਰੋਜਾਨਾ ੮ ਤੋਂ ੧੦ ਘੰਟੇ ਦੇ ਨਿਤਨੇਮ ਵਿਚ ਕਦੀ ਨਾਗਾ ਨਹੀਂ ਪੈਣ ਦਿਤਾ ਅਤੇ ਅਧੀਂ ਰਾਤ ਉਠ ਗੁਰਦੁਆਰੇ ਜਾ ਸ਼ਨਾਨ ਕਰ ਪੂਰੇ ਗੁਰਦੁਆਰੇ ਦੀ ਇਕਲੇ ਝਾੜੂ-ਪੋਚਾ ਕਰ ਕਰੀਬਨ ੪੦ ਸਾਲ ਤੱਕ ਸੇਵਾ ਅਤੇ ਗੁਰਦੁਆਰੇ ਦੀ ਸੰਬਾਲ ਕਿਤੀ ।

ਉਹਨਾਂ ਨੇ ਇੱਕ ਸਿਹਤਮੰਦ ਜੀਵਨ ਸ਼ੈਲੀ ਦਾ ਅਨੰਦ ਲੈਂਦੇ ਹੋਏ ਰੋਜ਼ਾਨਾ ਕਸਰਤ ਜਿਵੇ ਸਾਈਕਲ ਚਲਾਉਣਾ ਤੇ ਓਸ ਦੇ ਨਾਲ-ਨਾਲ ਰੋਜਾਨਾ ਆਪਣੇ ਦੁਆਰਾ ਤਿਆਰ ਕੀਤਾ ਪ੍ਰਸ਼ਾਦਾ ਸ਼ਕਣਾ, ਮੈਂ ਸਾਰੀ ਉਮਰ ਓਹਨਾ ਦੇ ਪਹਿਲੇ ਪੜਪੋਤ੍ਰੇ ਹੋਣ ਦਾ ਮਾਣ ਮਹਿਸੂਸ ਕੀਤਾ, ਮੇਰੀ ਪੂਰੀ

ਜ਼ਿੰਦਗੀ ਵਿਚ ਮੈਂ ਓਹਨਾ ਨੂੰ ਕਦੇ ਵੀ ਕਿਸੇ ਬਾਰੇ ਸ਼ਿਕਾਇਤ ਕਰਦਿਆਂ ਨਹੀਂ ਵੇਖਿਆ ਅਤੇ ਹਰ ਵਕ਼ਤ ਓਹਨਾ ਦੇ ਚੇਹਰੇ ਤੇ ਮੁਸਕਾਨ ਦੇਖੀ, ਉਹ ਹਮੇਸ਼ਾ ਗੁਰਦੁਆਰੇ ਜਾ ਕੇ ਸੇਵਾ ਕਰਦੇ, ਭਜਨ ਕਰਦੇ, ਅਤੇ ਆਈ ਸੰਗਤ ਨੂੰ ਸਤਿਗੁਰੂ ਜੀ ਦੇ ਹੁਕਮ ਤੇ ਚੱਲਣ ਲਈ ਪਰੇਰਿਤ ਕਰਦੇ. ਬਾਪੂ ਜੀ ਨੇ ਤਕਰਿਬਣ ੧੦੦ ਸਾਲ ਦੇ ਕਰੀਬ ਤੱਕ ਸੋਧ ਮਰਿਯਾਦਾ ਰਖੀ ਅਤੇ ਮੈਂ ਉਹਨਾ ਨੂੰ ੧੦੭ ਤੋਂ ੧੦੮ ਸਾਲ ਦੀ ਉਮਰ ਤੱਕ ਰੋਜਾਨਾ ਆਪ ਸਾਈਕਲ ਤੇ ਗੁਰਦੁਆਰੇ ਜਾਂਦੇ ਦੇਖਿਆ।

ਜਦੋ ਕਦੀ ਸੰਗਤ ਨੂੰ ਸੋਧੀ ਦੀ ਲੋੜ ਹੁੰਦੀ ਬਾਪੂ ਜੀ ਸੋਧੀ ਦੀ ਸੇਵਾ ਨਿਬਾਣੀ, ਜਦੋ ਵੀ ਸੰਗਤ ਨੂੰ ਲਾਂਗਰੀ ਦੀ ਲੋੜ ਹੁੰਦੀ ਬਾਪੂ ਜੀ ਨੇ ਲਾਂਗਰੀ ਦੀ ਸੇਵਾ ਨਿਬਾਣੀ, ਜਦੋ ਸੰਗਤ ਨੂੰ ਜਥੇਦਾਰ ਦੀ ਲੋੜ ਹੁੰਦੀ ਬਾਪੂ ਜੀ ਨੇ ਜਥੇਦਾਰ ਬਣ ਸੇਵਾ ਨਿਬਾਣੀ. ਕੁਲ ਮਿਲਾ ਕੇ ਉਹ ਇੱਕ ਸਤਿਗੁਰੂ ਜੀ ਦੇ ਸੱਚੇ ਸੇਵਕ ਸਨ, ਜਿਨ੍ਹਾਂ ਨੇ ਸਾਰੀ ਉਮਰ ਸਤਿਗੁਰੂ ਜੀ ਅਤੇ ਉਹਨਾ ਦੀ ਸੰਗਤ ਦੀ ਸੇਵਾ ਕਰਣ ਦਾ ਕੋਈ ਮੌਕਾ ਨਹੀਂ ਗਵਾਇਆ।

ਅਸੀਂ ਬਚਪਨ ਤੋਂ ਬਾਪੂ ਜੀ ਪਾਸੋ ਸਤਿਗੁਰੂ ਜੀ ਦੇ ਅਤੇ ਉਹਨਾ ਦੇ ਸਿਖਾ ਦੇ ਅਨੇਕ ਕੋਤਕ ਅਤੇ ਸਾਖੀਆ ਸੁਣਿਆ ਕਰਣੀ. ਜਿਨਾ ਵਿੱਚੋ ਇੱਕ ਓਹਨਾ ਦੇ ਪਿਤਾ ਸੰਤ ਸੰਤਾ ਸਿੰਘ ਜੀ ਦੀ ਵੀ ਹੁੰਦੀ ਸੀ, ਜਿਨ੍ਹਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਰਪਾ ਕਰਕੇ ਨਾਮਧਾਰੀ ਸਿੱਖ ਬਣਾਇਆ ਸੀ,

ਸੰਤਾ ਸਿੰਘ ਜੀ ਤੇ ਸਤਿਗੁਰੂ ਜੀ ਦੀ ਬੜੀ ਕਿਰਪਾ ਸੀ. ਸੰਤਾ ਸਿੰਘ ਜੀ ਇਸ ਸੰਸਾਰ ਤੋਂ ਵਿਛੋੜਾ ਦੇਣ ਤੋਂ ਇਕ ਹਫ਼ਤੇ ਪਹਿਲਾ ਬਾਪੂ ਜੀ ਨੂੰ ਕੋਲ ਬੁਲਾ ਕੇ ਆਖਿਆ ਕਿ ਮੈਂ ਬੁਧਵਾਰ ਨੂੰ ਸਵੇਰੇ ੪ ਵਜੇ ਇਸ ਸੰਸਾਰ ਤੋਂ ਚਲਾ ਜਾਵਾਂਗਾ ਅਤੇ ਨਾਲ ਹੀ ਬਾਪੂ ਜੀ ਨੂੰ ਕਿਸੀ ਨੂੰ ਨਾ ਦੱਸਣ ਲਈ ਵੀ ਆਖਿਆ, ਬਾਪੂ ਜੀ ਨੇ ਪਿਤਾ ਜੀ ਦਾ ਹੁਕਮ ਮਨ ਕਿਸੀ ਨੂੰ ਕੁਛ ਨਹੀਂ ਦਸਿਆ ਪਰ ਜਿਦਾ ਜਿਦਾ ਦਿਨ ਲਾਗੇ ਆ ਰਹੇ ਸੀ ਬਾਪੂ ਜੀ ਇਹ ਸੋਚ ਕੇ ਪਰੇਸ਼ਾਨ ਹੋ ਰਹੇ ਸੀ ਕਿ ਜੇ ਕਿਸੀ ਨੂੰ ਇਹ ਪਤਾ ਲੱਗਿਆ ਕਿ ਮੈਨੂੰ ਪਿਤਾ ਜੀ ਨੇ ਸੱਭ ਪਹਿਲੇ ਹੀ ਦਸ ਦਿਤਾ ਸੀ ਤੇ ਕਿ ਹੋਏਗਾ,

ਆਖਿਰ ਬੁਧਵਾਰ ਦਾ ਦਿਨ ਚੜੀਆ, ਸੰਤਾ ਸਿੰਘ ਜੀ ਨੇ ਜਦੋ ਬਾਪੂ ਜੀ ਨੂੰ ਬੁਲਾਇਆ ਤੇ ਆਖਿਆ ਮੇਰੇ ਲਈ ਜਲਦੀ ਜਲਦੀ ਖਿਚੜੀ ਬਣਾ ਕੇ ਲੈ ਆਓ ਜਿਸ ਵਿੱਚ ਉਹਨਾ ਨੇ ਕਾਫ਼ੀ ਘਿਓ ਮੰਗ ਪਾ ਖਾਈ,

ਬਾਪੂ ਜੀ ਨੇ ਆਪਣੇ ਪਿਤਾ ਜੀ ਨੂੰ ਆਖਿਆ ਕਿ ਪਿਤਾ ਜੀ ਜੇ ਹੋ ਸਕੇ ਤੇ ਬਾਕੀਆਂ ਸੱਭ ਨੂੰ ਵੀ ਬੁਲਾ ਕੇ ਮਿਲ ਲੋ ਕਿਉਂਕਿ ਜੇ ਓਹਨਾ ਨੂੰ ਪਤਾ ਲੱਗ ਗਿਆ ਕਿ ਮੈਨੂੰ ਇਹ ਪਹਿਲੇ ਹੀ ਪਤਾ ਸੀ ਤੇ ਸੱਭ ਮੈਨੂੰ ਮਾੜਾ ਆਖਾਂਗੇ, ਓਹਨਾ ਦੇ ਪਿਤਾ ਜੀ ਨੇ ਥੋੜ੍ਹਾ ਸੋਚਿਆ ਤੇ ਆਖਿਆ ਕਿ ਠੀਕ ਹੈ ਬੁਲਾ ਲੋ ਸੱਭ ਨੂੰ, ਬਾਪੂ ਜੀ ਭੱਜ ਕੇ ਜਾ ਸੱਬ ਨੂੰ ਬੁਲਾਇਆ, ਸੱਭ ਨੂੰ ਇਕੱਠਾ ਕਰਦੇ ਕਰਦੇ ਸਮਾਂ ੭ ਵਜੇ ਦੇ ਕਰੀਬ ਹੋ ਗਿਆ. ਸੱਭ ਨੂੰ ਮਿਲ ਕੇ ਓਹਨਾ ਦੇ ਪਿਤਾ ਜੀ ਨੇ ਆਖਿਆ ਹੁਣ ਜਾਓ.

ਸੱਭ ਦੇ ਜਾਣ ਬਾਅਦ ਸੰਤ ਜੀ ਨੇ ਬਾਪੂ ਜੀ ਅਤੇ ੨ –੩ ਪਰਿਵਾਰ ਵਾਲਿਆਂ ਨੂੰ ਅਪਣੇ ਕੋਲ ਬਿਠਾ ਲਿਆ,

ਘੜੀ ਵਿਚ ੭ ਵਜੇ ਤੇ ਸੰਤਾ ਸਿੰਘ ਜੀ ਨੇ ਸੱਭ ਨੂੰ ਆਖਿਆ ਕਿ ਆਸਨ ਵਿਛਾਓ ਸਤਿਗੁਰੂ ਪ੍ਰਤਾਪ ਸਿੰਘ ਜੀ ਮੈਨੂੰ ਲੈਣ ਆ ਗਏ ਨੇ, ਪਰਿਵਾਰ ਵਾਲੇ ਦਰਵਾਜੇ ਵੱਲ ਦੇਖਿਆ ਤੇ ਪੂਛਿਆ ਕਿਥੇ ਹੈ, ਉਹਨਾ ਫੈਰ ਆਖਿਆ ਤੁਸੀਂ ਆਸਨ ਵਿਛਾਓ ਸਤਿਗੁਰੂ ਜੀ ਆਂ ਗਏ,

ਸੱਭ ਇਧਰ ਉਦਰ ਦੇਖਦੇ ਰਹੇ ਤੇ ਇਸੀ ਵਿੱਚ ਸੰਤਾ ਸਿੰਘ ਜੀ ਨੇ ਸੱਭ ਨੂੰ ਦੇਖ ਕੇ ਆਖਿਆ ਸਤਿ ਸ੍ਰੀ ਅਕਾਲ ਅਤੇ ਸੁਆਸ ਛੱਡ ਦਿਤੇ.

ਆਪਣੇ ਬਜੁਰਗਾਂ ਦੀ ਇਸ ਤਾਰਾ ਦੀ ਸਾਖੀਆਂ ਸੁਣ ਕੇ ਅਸੀਂ ਬਹੁਤ ਮਾਣ ਮਹਿਸੂਸ ਕਰਣਾ ਅਤੇ ਦੂਜੇ ਪਾਸੋ ਇਹ ਵੀ ਸੋਚਦੇ ਕਿ ਇਹ ਕਿਸ ਤਾਰਾ ਮੁਮਕਿਨ ਹੋ ਸਕਦਾ ਹੈ ਓਹ ਵੀ ਅੱਜ ਦੇ ਸਮੇਂ ਵਿੱਚ ਕਿ ਕੋਈ ਇਨਸਾਨ ਆਪਣੇ ਇਸ ਦੁਨੀਆ ਤੋਂ ਜਾਣ ਦਾ ਦਿਨ ਅਤੇ ਸਮਾਂ ਦੱਸ ਦੇ, ਓਦੋ ਬਾਪੂ ਜੀ ਨੇ ਸਾਨੂੰ ਇਹ ਆਖਿਆ ਕਰਨਾ ਕਿ ਤੁਸੀਂ ਚਿੰਤਾ ਨਾ ਕਰੋ ਮੈਂ ਵੀ ਤਹਾਨੂੰ ਦੱਸ ਕੇ ਜਾਵਾਂਗਾ.

ਪਿਛਲੇ ਸਾਲ ਆਏ ਅਧਰੰਗ ਦੇ ਅਟੈਕ ਤੋਂ ਬਾਅਦ, ਬਾਪੂ ਜੀ ਦੇ ਸ਼ਰੀਰ ਦੇ ਵਿਚ ਕਮਜ਼ੋਰੀ ਆ ਗਈ ਸੀ, ਜਿਸ ਤੋਂ ਉਹ ਕਾਫੀ ਠੀਕ ਵੀ ਹੋ ਚੁਕੇ ਸਨ, ਬਾਪੂ ਜੀ ਅਪਣੇ ਆਖਰੀ ਸਮੇਂ ਤੱਕ ਆਪਨੇ ਆਪ ਤੁਰ ਫਿਰ ਲੇਂਦੇ ਸੀ,

ਪਰ ੨੧-੨੨ ਦਸੰਬਰ ਨੂੰ ਅਚਾਨਕ ਬਾਪੂ ਜੀ ਦੀ ਸਿਹਤ ਠੀਕ ਨਹੀਂ ਲੱਗ ਰਹੀ ਸੀ ਜਿਸ ਕਰਕੇ ਉਸ ਦਿਨ ਸਾਰਾ ਪਰਿਵਾਰ ਇਕੱਠਾ ਹੋਇਆ ਸੀ

ਦੁਪਹਿਰ ਦੇ ੩ ਵਜੇ ਤੋਂ ਰਾਤ ਦੇ ੧੧ ਵਜੇ ਤੱਕ ਸੱਭ ਨੂੰ ੭ ਉਂਗਲੀਆਂ ਨਾਲ ਇਸ਼ਾਰਾ ਕਰ ਕੇ ਆਪਣੇ ਜਾਣ ਦਾ ਸੱਭ ਨੂੰ ਦਸਦੇ ਰਹੇ ਤੇ ਅਗਲੇ ਦਿਨ ੨੩ ਦਸੰਬਰ ਸਵੇਰੇ ੬:੩੦ ਵਜੇ ਆਪਣੇ ਮੰਜੇ ਤੇ ਆਰਾਮ ਕਰਨ ਲੇਟੇ, ਜਦੋ ੭ ਵਜੇ ਤੋਂ ਬਾਅਦ ਪਰਿਵਾਰ ਨੇ ਬਾਪੂ ਜੀ ਨੂੰ ਦੇਖਿਆ ਤੇ ਬਾਪੂ ਜੀ ਇਸ ਸੰਸਾਰ ਤੋਂ ਵਿਛੋੜਾ ਦੇ ਚੁਕੇ ਸਨ ।

ਬਾਪੂ ਜੀ, ਸਤਿਗੁਰੂ ਜੀ ਦੇ ਬਹੁਤ ਹੀ ਸਾਚੇ ਸਿੱਖ ਸਣ ਜਿਨ੍ਹਾਂ ਨੇ ਸਾਨੂੰ ਸੱਭ ਨੂੰ ਸਤਿਗੁਰੂ ਜੀ ਨਾਲ ਪਿਆਰ ਤੇ ਓਹਨਾ ਦੇ ਹੁਕਮਾਂ ਤੇ ਚਲਣ ਦੀ ਸਿਖਿਆ ਦਿਤੀ.

ਬਾਪੂ ਜੀ ਨੇ ਗੁਰਬਾਣੀ ਦੀ ਉਸ ਤੁਕ ਨੂੰ ਸੱਚ ਕਰ ਦਿਖਾਆ :-

ਸੇਵਕੋ ਗੁਰ ਸੇਵਾ ਲਾਗਾ ਜਿਨਿ ਮੁਨ ਤੁਨ ਅਰਪਿ ਚੜਾਇਆ ਰਾਮ ॥

ਅਨੇਕਾ ਭੁਲਾ ਚੁਕਾ ਹੋਇਆ ਦੀ ਸਾਧ ਸੰਗਤ ਤੋ ਖਿਮਾਂ ਮੰਗਦਾ ।

ਸੁਰਿੰਦਰ ਸਿੱਘ ਨਾਮਧਾਰੀ